
ਦੇਗ ਤੇਗ ਫਤਿਹ॥



# ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

## ਦੇ ਪ੍ਰਕਾਸ਼ ਗੁਰਪੁਰਬ ਮੌਕੇ

| ਨਗਰ ਕੀਰਤਨ | ਗੁਰਮਤਿ ਸਮਾਗਮ |
|---|---|
| ੧੧ ਮੱਘਰ | ੧੨ ਮੱਘਰ |
| ਨਾਨਕਸ਼ਾਹੀ ਸੰਮਤ ੫੫੫ | ਨਾਨਕਸ਼ਾਹੀ ਸੰਮਤ ੫੫੫ |
| ਮੁਤਾਬਿਕ | ਮੁਤਾਬਿਕ |
| **26 ਨਵੰਬਰ 2023** | **27 ਨਵੰਬਰ 2023** |

# ਸ੍ਰੀ ਗੁਰੂ ਨਾਨਕ ਦੇਵ ਜੀ

## ਦੇ ਪ੍ਰਕਾਸ਼ ਗੁਰਪੁਰਬ

ਦੀ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈ ਹੋਵੇ ਜੀ

## ਧਰਮ ਪ੍ਰਚਾਰ ਕਮੇਟੀ

# ਸ੍ਰੀ ਗੁਰੂ ਨਾਨਕ ਦੇਵ ਜੀ

ਕੱਤਕ ਸੁਦੀ ਪੂਰਨਮਾਸ਼ੀ (ਬਿਕ੍ਰਮੀ ਸੰਮਤ 1526) ਦੇ ਭਾਗਾਂ ਭਰੇ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਤਾ ਤ੍ਰਿਪਤਾ ਜੀ ਦੀ ਕੁਖੋਂ, ਮਹਿਤਾ ਕਾਲੂ ਜੀ ਦੇ ਗ੍ਰਹਿ, ਰਾਇ ਭੋਇੰ ਦੀ ਤਲਵੰਡੀ ਵਿਖੇ ਅਵਤਾਰ ਧਾਰਿਆ।

ਇਤਿਹਾਸ ਗਵਾਹ ਹੈ ਕਿ ਗੁਰੂ ਜੀ ਨੇ ਇਸ ਸੰਸਾਰ ਵਿਚ ਅਵਤਾਰ ਧਾਰ ਕੇ ਸੱਚ ਨੂੰ ਖੋਜਿਆ ਅਤੇ ਸਰਬਵਿਆਪਕ, ਕਰਨ-ਕਰਾਵਣਹਾਰ ਦੀ ਰਚੀ ਸ੍ਰਿਸ਼ਟੀ ਨੂੰ ਉਸੇ ਦਾ ਸੰਦੇਸ਼ ਦੇਣ ਲਈ ਪੂਰਬ ਤੋਂ ਪੱਛਮ, ਉੱਤਰ ਤੋਂ ਦੱਖਣ, ਮੈਦਾਨਾਂ ਤੋਂ ਪਹਾੜਾਂ, ਰੇਗਿਸਤਾਨਾਂ ਦਾ ਸਫਰ ਕੀਤਾ। ਇਸ ਦੌਰਾਨ ਉਨ੍ਹਾਂ ਨੂੰ ਪਰਬਤਾਂ ਉੱਤੇ ਜਾ ਬੈਠੇ ਜੋਗੀ, ਤੀਰਥਾਂ ਉਤੇ ਆਰਤੀ ਉਤਾਰਦੇ ਭੇਖੀ, ਪਿਤਰਾਂ ਦੇ ਬਹਾਨੇ ਸੂਰਜ ਨੂੰ ਪਾਣੀ ਦਿੰਦੇ ਅਗਿਆਨੀ, ਪਰਉਪਕਾਰ ਦੇ ਬਹਾਨੇ ਯਾਤਰੂਆਂ ਨੂੰ ਲੁੱਟਦੇ ਸੱਜਣ ਠੱਗ, ਮਾਨਵ ਨੂੰ ਗਰਮ ਤੇਲ ਦੇ ਕੜਾਹੇ ਵਿਚ ਸੁੱਟਣ ਵਾਲੇ ਕੌਡੇ ਰਾਖਸ਼, ਕੁਦਰਤ ਦੀ ਬਖਸ਼ਿਸ਼ ਪਾਣੀ ਉਤੇ ਆਪਣਾ ਨਿੱਜੀ ਅਧਿਕਾਰ ਜਮਾਈ ਬੈਠੇ ਵਲੀ ਕੰਧਾਰੀ, ਦੁਨੀਆਂ ਭਰ ਦੀ ਦੌਲਤ ਨੂੰ ਆਪਣੇ ਖਜ਼ਾਨੇ ਵਿਚ ਸਮੇਟ ਲੈਣ ਦੇ ਇਛੁੱਕ ਕਾਰੂੰ, ਰਾਜ ਸੱਤਾ ਲਈ ਖੂਨ ਦੀਆਂ ਨਦੀਆਂ ਵਹਾਉਣ ਵਾਲੇ ਬਾਬਰ, ਅੱਲਾ ਦੀ ਝੂਠੀ ਇਬਾਦਤ ਕਰਨ ਵਾਲੇ ਕਾਜ਼ੀ ਸਭ ਵੱਖ-ਵੱਖ ਰੂਪਾਂ ਵਿਚ ਮਿਲੇ।

ਭਾਈ ਮਰਦਾਨੇ ਦੀ ਰਬਾਬ ਦੀ ਗੂੰਜ ਵਿਚ ਸੰਗਤੀਮਈ ਰੱਬੀ ਬਾਣੀ ਨੇ ਸਭ ਦੀ ਜਗਿਆਸਾ ਸ਼ਾਂਤ ਕੀਤੀ, ਉਨ੍ਹਾਂ ਨੂੰ ਜੀਵਨ ਦਾ ਨਿਵੇਕਲਾ ਰਾਹ ਦਿਖਾਇਆ।

# Sri Guru Nanak Dev Ji

Sri Guru Nanak Dev Ji, founder of Sikhism was born in Talwandi Rai Bhoi in Pakistan now called Nankana Sahib in 1469 A.D. His father Mehta Kalu Ji was an officer in the state.

History testifies the austerities he performed in searching the ultimate Truth and visiting most of the major places in the Asian sub-continent from East to West, North to South, plains, mountains and deserts.

During His visits, known as 'Udasies', He met with 'Jogies' residing on mountains, pretending priests performing 'Aarties' in temples, ignorant people throwing waters towards the Sun with assumption of quenching thirst of their forefathers, swindlers like Sajjan plundering the pilgrims in the name of benevolence. Dragons like Koda throwing human beings in the cauldron of boiling oil, Vali Kandhari who possessed water like natural bestowals, Karood (Raja) having greed to store the wealth of the Universe. Babar massacring the innocent subjects mercilessly. Guru Ji quenched the thirst of curiosity and directed the matchless path through reciting the musical verses (Gurbani) played on reback of his disciple Bhai Mardana.

## 26 ਨਵੰਬਰ 2023 (ਸਵੇਰੇ) : ਗੁਰਦੁਆਰਾ ਸੀਸ ਗੰਜ ਸਾਹਿਬ

5.00 ਤੋਂ 7.30 – ਆਸਾ ਦੀ ਵਾਰ – ਭਾਈ ਸਾਹਿਬ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

7.30 ਤੋਂ 8.30 – ਸ਼ਬਦ ਦੀ ਵਿਚਾਰ – ਭਾਈ ਕ੍ਰਿਸ਼ਨ ਸਿੰਘ ਜੀ ਸ੍ਰੀ ਅੰਮ੍ਰਿਤਸਰ

8.45 ਤੋਂ 10.00 – ਕੀਰਤਨ – ਭਾਈ ਅਜੀਤ ਸਿੰਘ ਕੁਲਬੀਰ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

10.00 ਤੋਂ 11.00 – ਕੀਰਤਨ – ਭਾਈ ਹਰਜੀਤ ਸਿੰਘ ਗੁਰਦੀਪ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

11.00 ਤੋਂ 12.00 – ਕੀਰਤਨ – ਭਾਈ ਗੁਰਫਤਿਹ ਸਿੰਘ ਜੀ ਸ਼ਾਂਤ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

12.00 ਤੋਂ 1.00 – ਕੀਰਤਨ – ਭਾਈ ਅਮਨਦੀਪ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

1.00 ਤੋਂ 2.00 – ਢਾਡੀ ਪ੍ਰਸੰਗ – ਭਾਈ ਗੁਰਚਰਨ ਸਿੰਘ ਜੀ ਚੰਨ
ਹਜ਼ੂਰੀ ਢਾਡੀ, ਗੁ. ਸੀਸ ਗੰਜ ਸਾਹਿਬ

ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਕੀਰਤਨ ਸਮਾਗਮ ਦਾ ਸਿੱਧਾ ਪ੍ਰਸਾਰਣ
Website www.dsgmc.in, PTC Simran
Gurdwara Sis Ganj Sahib Facebook Page 'ਤੇ ਹੋਵੇਗਾ।

## 26 ਨਵੰਬਰ 2023 (ਸ਼ਾਮ) : ਗੁਰਦੁਆਰਾ ਨਾਨਕ ਪਿਆਉ ਸਾਹਿਬ

5.45 ਤੋਂ 6.25 – ਪਾਠ – ਸ੍ਰੀ ਰਹਰਾਸਿ ਸਾਹਿਬ

6.25 ਤੋਂ 7.45 – ਕੀਰਤਨ – ਭਾਈ ਸੁਖਵਿੰਦਰ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

7.45 ਤੋਂ 8.45 – ਕਥਾ – ਭਾਈ ਬਲਦੇਵ ਸਿੰਘ ਜੀ ਹੈਡ ਗ੍ਰੰਥੀ

8.45 ਤੋਂ 9.45 – ਕੀਰਤਨ – ਭਾਈ ਜਤਿੰਦਰ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

9.45 ਤੋਂ 10.45 – ਕੀਰਤਨ – ਭਾਈ ਦਵਿੰਦਰ ਸਿੰਘ ਜੀ ਸੋਹਾਣੇ ਵਾਲੇ

10.45 ਤੋਂ 12.00 – ਕੀਰਤਨ – ਭਾਈ ਕਾਰਜ ਸਿੰਘ ਜੀ
ਹਜ਼ੂਰੀ ਕੀਰਤਨੀਏ, ਸ੍ਰੀ ਦਰਬਾਰ ਸਾਹਿਬ

ਉਪਰੰਤ ਅਰਦਾਸ ਅਤੇ ਸਮਾਪਤੀ

## 27 ਨਵੰਬਰ 2023 (ਸ਼ਾਮ) : ਗੁਰਦੁਆਰਾ ਨਾਨਕ ਪਿਆਉ ਸਾਹਿਬ

5.45 ਤੋਂ 6.25 – ਪਾਠ – ਸ੍ਰੀ ਰਹਰਾਸਿ ਸਾਹਿਬ

6.25 ਤੋਂ 7.30 – ਕੀਰਤਨ – ਭਾਈ ਸਾਹਿਬ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

7.30 ਤੋਂ 8.30 – ਕਥਾ – ਭਾਈ ਬਲਦੇਵ ਸਿੰਘ ਜੀ ਹੈਡ ਗ੍ਰੰਥੀ

8.30 ਤੋਂ 9.15 – ਕੀਰਤਨ – ਭਾਈ ਸਤਬੀਰ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

9.15 ਤੋਂ 10.30 – ਕੀਰਤਨ – ਭਾਈ ਕਰਨਬੀਰ ਸਿੰਘ ਜੀ ਲੁਧਿਆਣਾ ਵਾਲੇ

10.30 ਤੋਂ 11.30 – ਕੀਰਤਨ – ਭਾਈ ਕਾਰਜ ਸਿੰਘ ਜੀ
ਹਜ਼ੂਰੀ ਕੀਰਤਨੀਏ, ਸ੍ਰੀ ਦਰਬਾਰ ਸਾਹਿਬ

11.30 ਤੋਂ 12.30 – ਕੀਰਤਨ – ਭਾਈ ਹਰਜੋਤ ਸਿੰਘ ਜੀ ਜਖ਼ਮੀ ਜਲੰਧਰ ਵਾਲੇ

**ਉਪਰੰਤ ਅਰਦਾਸ ਅਤੇ ਸਮਾਪਤੀ**

## ਸਿੱਧਾ ਪ੍ਰਸਾਰਣ

ਸੋਮਵਾਰ, 27 ਨਵੰਬਰ 2023 ਨੂੰ ਭਾਈ ਲੱਖੀ ਸ਼ਾਹ ਵਣਜਾਰਾ ਹਾਲ, ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਹੋਣ ਵਾਲੇ ਗੁਰਮਤਿ ਸਮਾਗਮ ਦਾ ਸਿੱਧਾ ਪ੍ਰਸਾਰਣ ਆਲ ਇੰਡੀਆ ਰੇਡੀਓ ਤੋਂ ਸਵੇਰੇ 9.00 ਵਜੇ ਤੋਂ 10.00 ਵਜੇ ਤੱਕ ਅਤੇ CHARDIKALA TIME T.V. ਚੈਨਲ ’ਤੇ ਸਵੇਰੇ 10.00 ਵਜੇ ਤੋਂ 3.00 ਵਜੇ ਤੱਕ ਤੇ ਰਾਤ 9.00 ਵਜੇ ਤੋਂ ਸਮਾਪਤੀ ਤੱਕ ਅਤੇ ਵੈਬਸਾਈਟ GSPS Live, Kirtan Pardhana, Kesari Connect, Akal Sahai T.V. **ਅਤੇ ਦਿੱ.ਸਿੱ.ਗੁ.ਪ੍ਰ.ਕਮੇਟੀ ਦੇ** Social Media Pages ’ਤੇ ਹੋਵੇਗਾ।

## ਪੁਸਤਕ ਪ੍ਰਦਰਸ਼ਨੀ

ਸਿੱਖ ਸਾਹਿਤ ਅਤੇ ਚਿੱਤਰ ਪ੍ਰਦਰਸ਼ਨੀ 23 ਨਵੰਬਰ ਤੋਂ 5 ਦਸੰਬਰ 2023 ਤਕ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸਰੋਵਰ ਦੀ ਪਰਿਕਰਮਾ ਵਿੱਚ ਲਗਾਈ ਰਹੀ ਹੈ। ਸਿੱਖ ਇਤਿਹਾਸ ਦੀਆਂ ਕਿਤਾਬਾਂ ਆਪ ਵੀ ਪੜ੍ਹੋ ਅਤੇ ਆਪਣੇ ਬੱਚਿਆਂ ਨੂੰ ਵੀ ਪੜਾਓ ਤਾਂ ਜੋ ਸਾਡੀ ਨਵੀਂ ਪੀੜ੍ਹੀ ਨੂੰ ਸਿੱਖਾਂ ਦੇ ਗੌਰਵਮਈ ਇਤਿਹਾਸ ਦੀ ਜਾਣਕਾਰੀ ਹੋਵੇ ਤਾਂ ਉਹ ਇੱਕ ਗੁਰਸਿੱਖ ਅਤੇ ਨਿਤਨੇਮੀ ਜੀਵਨ ਜਿਉਣ ਲਈ ਪ੍ਰੇਰਿਤ ਹੋਣ।

## ਨੋਟ

ਨਗਰ ਕੀਰਤਨ ਵਿਚ ਲੰਗਰ ਦੇ ਸਟਾਲ ਲਗਾਉਣ ਵਾਲੇ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਉਹ ਆਪਣੇ ਸਟਾਲ ਦੇ ਆਲੇ-ਦੁਆਲੇ ਡਸਟਬੀਨ ਰੱਖਣ ਦੀ ਕ੍ਰਿਪਾਲਤਾ ਕਰਨ ਤਾਂ ਕਿ ਸਾਫ-ਸਫਾਈ ਬਣੀ ਰਹੇ।

# ਪ੍ਰੋਗਰਾਮ : ਗੁਰਦੁਆਰਾ ਰਕਾਬ ਗੰਜ ਸਾਹਿਬ

## 27 ਨਵੰਬਰ 2023 : ਭਾਈ ਲੱਖੀ ਸ਼ਾਹ ਵਣਜਾਰਾ ਹਾਲ

### ਅੰਮ੍ਰਿਤ ਵੇਲੇ ਤੋਂ ਰਾਤ ਤੱਕ

3.30 ਤੋਂ 5.30 – ਪਾਠ – ਸ੍ਰੀ ਸੁਖਮਨੀ ਸਾਹਿਬ ਅਤੇ ਨਿਤਨੇਮ

5.30 ਤੋਂ 7.30 – ਆਸਾ ਦੀ ਵਾਰ – ਭਾਈ ਗੁਰਫਤਿਹ ਸਿੰਘ ਜੀ ਸ਼ਾਂਤ
ਹਜ਼ੂਰੀ ਕੀਰਤਨੀਏ, ਗੁਰਦੁਆਰਾ ਸੀਸ ਗੰਜ ਸਾਹਿਬ

7.30 ਤੋਂ 8.30 – ਕੀਰਤਨ – ਵਿਦਿਆਰਥੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ, ਮਹਿਰੌਲੀ

8.30 ਤੋਂ 9.30 – ਕੀਰਤਨ – ਡਾ. ਭਾਈ ਜਤਿੰਦਰ ਸਿੰਘ ਜੀ
ਹਜ਼ੂਰੀ ਕੀਰਤਨੀਏ, ਸ੍ਰੀ ਦਰਬਾਰ ਸਾਹਿਬ

9.30 ਤੋਂ 10.15 – ਕਥਾ – ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਜੀ ਹੈਡ ਗ੍ਰੰਥੀ

10.15 ਤੋਂ 11.00 – ਕੀਰਤਨ – ਭਾਈ ਦਵਿੰਦਰ ਸਿੰਘ ਜੀ ਸੋਹਾਣੇ ਵਾਲੇ

11.00 ਤੋਂ 12.00 – ਕੀਰਤਨ – ਭਾਈ ਕਾਰਜ ਸਿੰਘ ਜੀ
ਹਜ਼ੂਰੀ ਕੀਰਤਨੀਏ, ਸ੍ਰੀ ਦਰਬਾਰ ਸਾਹਿਬ

12.00 ਤੋਂ 1.00 – ਕੀਰਤਨ – ਭਾਈ ਚਮਨਜੀਤ ਸਿੰਘ ਜੀ ਦਿੱਲੀ

1.00 ਤੋਂ 1.30 – ਪੰਥਕ ਵਿਚਾਰਾਂ

1.30 ਤੋਂ 1.45 – ਨਾਮ ਸਿਮਰਨ – ਬਾਬਾ ਬਚਨ ਸਿੰਘ ਜੀ ਕਾਰ ਸੇਵਾ ਵਾਲੇ

1.45 ਤੋਂ 3.00 – ਕੀਰਤਨ – ਭਾਈ ਗੁਰਦੇਵ ਸਿੰਘ ਜੀ ਆਸਟ੍ਰੇਲੀਆ

3.00 ਤੋਂ 4.00 – ਕੀਰਤਨ – ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਨਾਨਕ ਪਿਆਉ
ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਲੋਨੀ ਰੋਡ
ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਕਰੋਲ ਬਾਗ

4.00 ਤੋਂ 4.45 – ਕਵੀ ਦਰਬਾਰ – ਸ. ਮਹਿੰਦਰ ਸਿੰਘ ਪਰਿੰਦਾ,
ਸ. ਹਰਭਜਨ ਸਿੰਘ ਸੇਵਕ, ਸ. ਕਮਲਜੀਤ ਸਿੰਘ ਨੂਰ
ਬੀਬੀ ਸਰਬਜੀਤ ਕੌਰ ਸਰਬ, ਬੀਬੀ ਜਤਿੰਦਰ ਕੌਰ ਅਨੰਦਪੁਰੀ
ਬੀਬੀ ਸੁਰਿੰਦਰ ਕੌਰ ਕ੍ਰਿਸ਼ਨਾ ਪਾਰਕ

4.45 ਤੋਂ 5.45 – ਕੀਰਤਨ – ਭਾਈ ਜਤਿੰਦਰ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁਰਦੁਆਰਾ ਸੀਸ ਗੰਜ ਸਾਹਿਬ

5.45 ਤੋਂ 6.25 – ਪਾਠ – ਸ੍ਰੀ ਰਹਰਾਸਿ ਸਾਹਿਬ

6.25 ਤੋਂ 7.15 – ਕੀਰਤਨ – ਭਾਈ ਅਮਨਦੀਪ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁਰਦੁਆਰਾ ਸੀਸ ਗੰਜ ਸਾਹਿਬ

7.15 ਤੋਂ 8.15 – ਕੀਰਤਨ – ਭਾਈ ਇੰਦਰਜੀਤ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁਰਦੁਆਰਾ ਸੀਸ ਗੰਜ ਸਾਹਿਬ

8.15 ਤੋਂ 9.15 – ਕੀਰਤਨ – ਡਾ. ਭਾਈ ਜਤਿੰਦਰ ਸਿੰਘ ਜੀ
ਹਜ਼ੂਰੀ ਕੀਰਤਨੀਏ, ਸ੍ਰੀ ਦਰਬਾਰ ਸਾਹਿਬ

9.15 ਤੋਂ 10.15 – ਕੀਰਤਨ – ਭਾਈ ਦਵਿੰਦਰ ਸਿੰਘ ਜੀ ਸੋਹਾਣੇ ਵਾਲੇ

10.15 ਤੋਂ 11.15 – ਕੀਰਤਨ – ਭਾਈ ਸਰਬਜੀਤ ਸਿੰਘ ਜੀ ਪਟਨਾ ਸਾਹਿਬ

11.15 ਤੋਂ 12.15 – ਕੀਰਤਨ – ਭਾਈ ਗੁਰਦੇਵ ਸਿੰਘ ਜੀ ਆਸਟ੍ਰੇਲੀਆ

## ਉਪਰੰਤ ਅਰਦਾਸ ਅਤੇ ਸਮਾਪਤੀ

## ਅੰਮ੍ਰਿਤ ਸੰਚਾਰ

ਸੋਮਵਾਰ, 27 ਨਵੰਬਰ 2023 ਨੂੰ ਸਵੇਰੇ 11.00 ਵਜੇ ਗੁ: ਰਕਾਬ ਗੰਜ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੋਵੇਗਾ। ਅਭਿਲਾਖੀ ਸੱਜਣ ਕਕਾਰਾਂ ਸਹਿਤ ਤਿਆਰ-ਬਰ-ਤਿਆਰ ਹੋ ਕੇ ਸਮੇਂ ਸਿਰ ਗੁਰਦੁਆਰਾ ਸਾਹਿਬ ਵਿਖੇ ਪੁੱਜਣ ਦੀ ਕ੍ਰਿਪਾਲਤਾ ਕਰਨ। ਲੋੜ ਅਨੁਸਾਰ ਕਕਾਰਾਂ ਦੀ ਸੇਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਜਾਵੇਗੀ।

## ਗੁਰੂ ਕਾ ਲੰਗਰ

ਗੁਰੂ ਰੂਪ ਸਾਧ ਸੰਗਤ ਨੂੰ ਬੇਨਤੀ ਹੈ ਕਿ ਅਸੀਂ ਆਪਣੀਆਂ ਪੁਰਾਤਨ ਪ੍ਰੰਪਰਾਵਾਂ ਨੂੰ ਵਿਸਾਰਦੇ ਹੋਏ ਗੁਰੂ ਕੇ ਲੰਗਰ ਦੀਆਂ ਹੱਥੀਂ ਸੇਵਾਵਾਂ ਕਰਨ ਜਿਵੇਂ ਕਿ ਲੰਗਰ ਲਈ ਦਾਲਾਂ ਅਤੇ ਪ੍ਰਸ਼ਾਦੇ ਤਿਆਰ ਕਰਨ, ਜੂਠੇ ਬਰਤਨ ਸਾਫ ਕਰਨ ਆਦਿ ਦੀ ਸੇਵਾ ਅਤੇ ਜੋੜੇ ਝਾੜਨ ਦੀ ਸੇਵਾ ਕਰਨ ਵਿੱਚ ਸਮਾਂ ਨਹੀਂ ਦੇ ਪਾ ਰਹੇ। ਜਿਸ ਕਰਕੇ ਜਿਥੇ ਅਸੀਂ ਗੁਰੂ ਸਾਹਿਬਾਨ ਦੇ ਫਲਸਫੇ ਨੂੰ ਭੁਲਦੇ ਜਾ ਰਹੇ ਹਾਂ ਉਥੇ ਹੀ ਆਪਣੇ ਬੱਚਿਆਂ ਨੂੰ ਵੀ ਸੇਵਾ ਦੇ ਸੰਕਲਪ ਤੋਂ ਵਾਂਝਿਆਂ ਰੱਖ ਰਹੇ ਹਾਂ। ਇਸ ਲਈ ਆਪਣੇ ਜੀਵਨ ਨੂੰ ਸਫਲਾ ਬਣਾਉਣ ਲਈ ਅਤੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਗੁਰੂ ਸਾਹਿਬਾਨ ਵੱਲੋਂ ਮਨੁੱਖਤਾ ਲਈ ਚਲਾਈ ਗਈ ਇਸ ਵਿਲੱਖਣ ਹੱਥੀਂ ਸੇਵਾ ਕਰਨ ਨਾਲ ਜੋੜੀਏ ਅਤੇ ਤਨ-ਮਨ-ਧਨ ਨਾਲ ਹਿੱਸਾ ਪਾ ਕੇ ਜੀਵਨ ਸਫਲ ਕਰੀਏ।

## ਸੀਸ ਗੰਜ ਮਾਸਿਕ ਮੈਗਜ਼ੀਨ

ਆਪਣੇ ਬੱਚਿਆਂ ਨੂੰ ਗੁਰੂ, ਗੁਰਮਤਿ ਤੇ ਗੁਰ-ਇਤਿਹਾਸ ਨਾਲ ਜੋੜਨ ਲਈ 'ਸੀਸ ਗੰਜ' ਮੈਗਜ਼ੀਨ ਨੂੰ ਆਪਣੇ ਡਰਾਇੰਗ ਰੂਮ ਦਾ ਸ਼ਿੰਗਾਰ ਬਣਾਉ। 50/- ਰੁਪਏ ਸਲਾਨਾ ਚੰਦਾ ਭੇਜ ਕੇ ਅੱਜ ਹੀ ਮੰਗਵਾਓ।

## ਨਗਰ ਕੀਰਤਨ

ਲਾਲ ਕਿਲ੍ਹਾ ਗਰਾਊਂਡ ਤੋਂ ਐਤਵਾਰ, 26 ਨਵੰਬਰ 2023 ਨੂੰ ਸਵੇਰੇ 10:00 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ-ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਆਰੰਭ ਹੋਵੇਗਾ। ਜੋ ਗੁਰਦੁਆਰਾ ਸੀਸ ਗੰਜ ਸਾਹਿਬ, ਚਾਂਦਨੀ ਚੌਂਕ, ਫਤਿਹਪੁਰੀ, ਖ਼ਾਰੀ ਬਾਉਲੀ, ਨਵਾਂ ਬਾਜ਼ਾਰ ਚੌਂਕ, ਪੀਲੀ ਕੋਠੀ ਰੋਡ, ਮਠਿਆਈ ਪੁੱਲ, ਆਜ਼ਾਦ ਮਾਰਕੀਟ, ਪੁਲ ਬੰਗਸ਼, ਰੋਸ਼ਨਾਰਾ ਰੋਡ, ਘੰਟਾ ਘਰ (ਸਬਜ਼ੀ ਮੰਡੀ), ਰਾਣਾ ਪ੍ਰਤਾਪ ਬਾਗ, ਬੇਬੇ ਨਾਨਕੀ ਚੌਂਕ ਤੋਂ ਹੁੰਦਾ ਹੋਇਆ ਰਾਤ ਨੂੰ ਗੁਰਦੁਆਰਾ ਨਾਨਕ ਪਿਆਉ ਸਾਹਿਬ ਵਿਖੇ ਸਮਾਪਤ ਹੋਵੇਗਾ।

## ਪਾਲਕੀ ਸਾਹਿਬ ਦੀ ਜਾਣਕਾਰੀ G.P.S. ਸਿਸਟਮ 'ਤੇ

ਨਗਰ ਕੀਰਤਨ ਦੌਰਾਨ ਸੰਗਤਾਂ, ਜਿਨ੍ਹਾਂ ਵਿੱਚ ਬਜ਼ੁਰਗ ਅਤੇ ਬੱਚੇ ਵੀ ਸ਼ਾਮਿਲ ਹੁੰਦੇ ਹਨ ਕਈ ਘੰਟਿਆਂ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਲਈ ਸੜਕ 'ਤੇ ਇੰਤਜ਼ਾਰ ਕਰਦੇ ਹੋਏ ਦੂਜੀਆਂ ਸੰਗਤਾਂ ਤੋਂ ਪਾਲਕੀ ਸਾਹਿਬ ਦੇ ਪੁਜਣ ਬਾਰੇ ਜਾਣਕਾਰੀ ਲੈਂਦੀਆਂ ਹਨ। ਇਸ ਲਈ ਦਿੱ. ਸਿੱ. ਗੁ. ਪ੍ਰ. ਕਮੇਟੀ ਨੇ ਨਗਰ ਕੀਰਤਨ 'ਚ ਸ਼ਾਮਿਲ ਪਾਲਕੀ ਸਾਹਿਬ ਬਾਰੇ ਸੰਗਤਾਂ ਨੂੰ ਸਹੀ ਜਾਣਕਾਰੀ ਦੇਣ ਲਈ ਪਾਲਕੀ ਸਾਹਿਬ ਨੂੰ G.P.S. ਸਿਸਟਮ ਨਾਲ ਜੋੜ ਦਿੱਤਾ ਹੈ। ਜਿਸ ਨਾਲ ਸੰਗਤਾਂ ਪਾਲਕੀ ਸਾਹਿਬ ਦੀ ਲੋਕੇਸ਼ਨ ਦਿੱਲੀ ਕਮੇਟੀ ਦੀ ਵੈਬਸਾਈਟ www.dsgmc.in 'ਤੇ ਕਲਿੱਕ ਕਰਕੇ ਪ੍ਰਾਪਤ ਕਰ ਸਕਦੀਆਂ ਹਨ।

ਸੋਮਵਾਰ, 27 ਨਵੰਬਰ 2023 ਨੂੰ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਖੇ ਹੋ ਰਹੇ ਗੁਰਮਤਿ ਸਮਾਗਮ 'ਚ ਸ਼ਾਮਿਲ ਹੋਣ ਵਾਲੀਆਂ ਸੰਗਤਾਂ ਨੂੰ ਰਾਜੀਵ ਚੌਂਕ ਮੈਟਰੋ ਸਟੇਸ਼ਨ (ਬਾਬਾ ਖੜਕ ਸਿੰਘ ਮਾਰਗ) ਅਤੇ ਪਟੇਲ ਚੌਂਕ ਤੋਂ ਗੁਰਦੁਆਰਾ ਰਕਾਬ ਗੰਜ ਸਾਹਿਬ ਲਿਆਉਣ ਤੇ ਵਾਪਿਸ ਛੱਡਣ ਲਈ ਦਿੱ. ਸਿੱ. ਗੁ. ਪ੍ਰ. ਕਮੇਟੀ ਵੱਲੋਂ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**ਦੀਪਮਾਲਾ** ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਉੱਤੇ ਸ਼ਾਨਦਾਰ ਦੀਪਮਾਲਾ ਹੋਵੇਗੀ

**ਨੋਟ** ਦਿੱਲੀ ਕਮੇਟੀ ਵੱਲੋਂ ਵਾਪਸੀ ਲਈ ਰਾਤ ਨੂੰ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ

ਗੁਰੂ ਪੰਥ ਦੇ ਦਾਸ

**ਹਰਵਿੰਦਰ ਸਿੰਘ ਕੇ.ਪੀ.**
ਸੀਨੀਅਰ ਮੀਤ ਪ੍ਰਧਾਨ

**ਹਰਮੀਤ ਸਿੰਘ ਕਾਲਕਾ**
ਪ੍ਰਧਾਨ

**ਜਗਦੀਪ ਸਿੰਘ ਕਾਹਲੋਂ**
ਜਨਰਲ ਸਕੱਤਰ

**ਆਤਮਾ ਸਿੰਘ ਲੁਬਾਣਾ**
ਮੀਤ ਪ੍ਰਧਾਨ

**ਜਸਪ੍ਰੀਤ ਸਿੰਘ ਕਰਮਸਰ**
ਚੇਅਰਮੈਨ, ਧਰਮ ਪ੍ਰਚਾਰ ਕਮੇਟੀ

**ਜਸਮੇਨ ਸਿੰਘ ਨੋਨੀ**
ਸਕੱਤਰ

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-1 ਫੋਨ : 23712580-81-82, 23737328-29 ਫੈਕਸ : 23317511
Website : www.dsgmc.in Email : info@dsgmc.in

ਟਾਈਪ ਸੈਟਿੰਗ : ਕੰਪਿਊਟਰ ਵਿਭਾਗ

ਛਾਪਕ : ਗੁਰਉਪਦੇਸ਼ ਪ੍ਰਿੰਟਰਜ਼, ਗੁ. ਰਕਾਬ ਗੰਜ ਸਾਹਿਬ, ਨਵੀਂ ਦਿੱਲੀ-1